**ਮਾਡਲ ਪ੍ਰਸ਼ਨ ਪੱਤਰ**

**ਵਿਸ਼ਾ- ਸਮਾਜ ਸ਼ਾਸਤਰ**

**ਸ਼੍ਰੇਣੀ ਬਾਰ੍ਹਵੀਂ (2023-24)**

ਸਮਾਂ :3 ਘੰਟੇ

ਲਿਖਤੀ: 80

ਆਂਤਰਿਕ ਮੁਲਾਂਕਣ: 20

ਕੁੱਲ: 100

**ਭਾਗ - (ੳ)**

**ਬਹੁਵਿਕਲਪੀ ਪ੍ਰਸ਼ਨ :-** $\mathbf{20 \times 1 = 20}$

ਪ੍ਰਸ਼ਨ - 1. ਸੰਸਾਰ ਵਿੱਚ ਕਬਾਇਲੀ ਸਮਾਜ ਦੀ ਜਨਸੰਖਿਆ ਕਿਸ ਦੇਸ਼ ਵਿੱਚ ਜਿਆਦਾ ਹੈ?

ਉੱਤਰ- ੳ. ਭਾਰਤ

ਅ. ਦੱਖਣੀ ਅਫਰੀਕਾ

ੲ. ਸ਼੍ਰੀ ਲੰਕਾ

ਸ. ਬੰਗਲਾ ਦੇਸ਼

ਪ੍ਰਸ਼ਨ 2. ਟਰਾਇਬ ਸ਼ਬਦ ਤੋਂ ਕੀ ਭਾਵ ਹੈ?

ਉੱਤਰ ੳ. ਕਬੀਲਾ

ਅ. ਸਮੂਹ

ੲ. ਇੱਕ ਤਿਹਾਈ ਹਿੱਸਾ

ਸ.ਝੁੰਡ

ਪ੍ਰਸ਼ਨ - 3. ਫਸਲਾਂ ਦੀ ਉਪਜ, ਨਵੀਆਂ ਤਕਨੀਕਾਂ ਅਤੇ ਉੱਚ ਕੁਆਲਿਟੀ ਦੇ ਬੀਜ ਆਦਿ ਕਿਸ ਕ੍ਰਾਂਤੀ ਨਾਲ਼ ਸਬੰਧਿਤ ਹੈ?

ਉੱਤਰ ੳ. ਸਫੈਦ ਕ੍ਰਾਂਤੀ

ਅ. ਨੀਲੀ ਕ੍ਰਾਂਤੀ

ੲ. ਪੀਲੀ ਕ੍ਰਾਂਤੀ

ਸ. ਹਰੀ ਕ੍ਰਾਂਤੀ

ਪ੍ਰਸ਼ਨ - 4. ਪੇਂਡੂ ਸਮਾਜ ਦੀ ਪ੍ਰਮੁੱਖ ਆਰਥਿਕ ਸਮੱਸਿਆ ਕਿਹੜੀ ਹੈ?

ਉੱਤਰ ੳ. ਕਰਜ਼ਦਾਰੀ



Downloaded from cclchapter.com

ਅ. ਲੜਾਈਆਂ

ੲ. ਪਾਣੀ ਦੀ ਨਿਕਾਸੀ

ਸ. ਫੈਸ਼ਨ

ਪ੍ਰਸ਼ਨ-5. ਪਿੰਡਾਂ ਵਿੱਚੋਂ ਸ਼ਹਿਰਾਂ ਵੱਲ ਦੇ ਪ੍ਰਵਾਸ ਨੂੰ ਕੀ ਕਹਿੰਦੇ ਹਨ?

ਉੱਤਰ: ੳ. ਸ਼ਹਿਰੀ ਸਮਾਜ

ਅ. ਪੇਂਡੂ ਸਮਾਜ

ੲ. ਸ਼ਹਿਰੀਵਾਦ

ਸ. ਸ਼ਹਿਰੀਕਰਨ

ਪ੍ਰਸ਼ਨ-6. ਕਿਸ ਇਤਿਹਾਸਕਾਰ ਨੇ ਕਿਹਾ ਕਿ ਜਾਤੀ ਸਥਿਰ ਨਹੀਂ ਹੈ।

ਉੱਤਰ ੳ. ਰੋਮਿਲਾ ਥਾਪਰ

ਅ. ਜੇ ਸੀ ਨੇਸਫਿਲਡ

ੲ. ਡੀ ਐਨ ਮਜੂਮਦਾਰ

ਸ. ਕੋਈ ਨਹੀਂ

ਪ੍ਰਸ਼ਨ-7. ਜਿਨ੍ਹਾਂ ਲੋਕਾਂ ਕੋਲ ਸਾਧਨਾਂ ਤੇ ਵੱਡੇ ਪੱਧਰ ਤੇ ਕਬਜ਼ਾ ਹੁੰਦਾ ਹੈ, ਨੂੰ ਕੀ ਕਿਹਾ ਜਾਂਦਾ ਹੈ?

ਉੱਤਰ: ੳ. ਪੂੰਜੀਪਤੀ

ਅ. ਗੁਲਾਮ

ੲ. ਮਜ਼ਦੂਰ

ਸ. ਮੱਧ ਵਰਗ

ਪ੍ਰਸ਼ਨ-8. ਲਿੰਗ ਅਨੁਪਾਤ ਤੋਂ ਕੀ ਭਾਵ ਹੈ?

ਉੱਤਰ: ੳ.1000 ਪੁਰਸ਼ਾਂ ਪਿੱਛੇ ਇਸਤਰੀਆਂ ਦੀ ਸੰਖਿਆ

ਅ.1000 ਇਸਤਰੀਆਂ ਪਿੱਛੇ ਪੁਰਸ਼ਾਂ ਦੀ ਸੰਖਿਆ

ੲ.1000 ਬੱਚਿਆਂ ਪਿੱਛੇ ਬੱਚਿਆਂ ਦੀ ਸੰਖਿਆ

ਸ.ਪੁਰਸ਼ਾਂ ਅਤੇ ਇਸਤਰੀਆਂ ਦੀ ਸੰਖਿਆ

ਪ੍ਰਸ਼ਨ 9. ਸਮਾਜ ਵਿਗਿਆਨ ਦਾ ਪਿਤਾਮਾ ਕਿਸ ਨੂੰ ਕਿਹਾ ਜਾਂਦਾ ਹੈ?

ਉੱਤਰ : ੳ.ਐਮ ਐਨ ਸ੍ਰੀ ਨਿਵਾਸ

ਅ. ਕਾਰਲ ਮਾਰਕਸ

ੲ. ਜੇ ਐਸ ਬੇਦੀ



Downloaded from cclchapter.com

ਸ. ਕੋਈ ਨਹੀਂ

ਪ੍ਰਸ਼ਨ:10 ਵਿਸ਼ਵੀਕਰਨ ਦਾ ਅਰਥ ਹੈ:

ਉੱਤਰ: ੳ. ਵਪਾਰ ਵਿੱਚ ਬੰਦਿਸ਼ ਦੀ ਘਾਟ

ਅ. ਤਕਨੀਕ ਦਾ ਅਸਾਨੀ ਨਾਲ਼ ਅਦਾਨ ਪ੍ਰਦਾਨ

ੲ. ਦੋਵੇਂ

ਸ.ਕੋਈ ਨਹੀਂ

ਪ੍ਰਸ਼ਨ 11. ਬਾਹਰੀ ਕੰਮ ਤੋਂ ਭਾਵ ਹੈ?

ਉੱਤਰ: ੳ.ਬਾਹਰੀ ਕੰਪਨੀਆਂ ਨੂੰ ਕੰਮ ਦੇਣਾ

ਅ. ਵਿਦੇਸ਼ ਜਾ ਕੇ ਕੰਮ ਕਰਨਾ

ੲ.ਅੰਤਰਾਸ਼ਟਰੀ ਵਪਾਰ ਤੇ ਪਾਬੰਦੀ

ਸ. ਕੋਈ ਨਹੀਂ

ਪ੍ਰਸ਼ਨ 12. ਆਧੁਨਿਕੀਕਰਨ ਦਾ ਭਾਵ ਹੈ?

ਉੱਤਰ: ੳ. ਆਧੁਨਿਕੀਕਰਨ ਜੀਵਨ ਦੇ ਤਰੀਕੇ ਅਤੇ ਕਦਰਾਂ ਕੀਮਤਾਂ ਅਪਨਾਉਣਾ

ਅ.ਫੈਸ਼ਨ ਕਰਨਾ

ੲ. ਵਿਦੇਸ਼ੀ ਪਹਿਰਾਵਾ ਪਾਉਣਾ

ਸ .ਕੋਈ ਨਹੀਂ

ਪ੍ਰਸ਼ਨ: 13. ਨਿੱਜੀਕਰਨ ਤੋਂ ਭਾਵ ਹੈ?

ਉੱਤਰ: ੳ.ਸਰਕਾਰੀ ਅਦਾਰਿਆਂ ਵਿੱਚ ਪ੍ਰਾਈਵੇਟ ਹਿੱਸੇਦਾਰੀ

ਅ. ਸਰਕਾਰ ਦੁਆਰਾ ਜਿੰਮੇਵਾਰੀ ਤੋਂ ਮੁਕਤ ਹੋਣਾ

ੲ. ਦੋਵੇਂ

ਸ. ਕੋਈ ਨਹੀਂ

ਪ੍ਰਸ਼ਨ 14. ਵਿਸ਼ਵੀਕਰਨ ਤੋਂ ਭਾਵ ਹੈ?

ਉੱਤਰ: ੳ. ਅੰਤਰਰਾਸ਼ਟਰੀ ਪ੍ਰਭਾਵ ਵਿਕਸਤ ਕਰਨ ਦੀ ਪ੍ਰਕਿਰਿਆ

ਅ. ਕੇਵਲ ਨਿਰਯਾਤ

ੲ.ਕੇਵਲ ਆਯਾਤ

ਸ.ਕੋਈ ਨਹੀਂ

ਪ੍ਰਸ਼ਨ: 15.ਸਤਿਆ ਸ਼ੋਧਕ ਅੰਦੋਲਨ ਦੇ ਪ੍ਰਤੀਨਿਧੀ ਕੌਣ ਸਨ?



Downloaded from cclchapter.com

ਉੱਤਰ: ੳ.ਜੋਤੀ ਰਾਓ ਫੂਲੇ

ਅ ਡਾ.ਅੰਬੇਦਕਰ

ੲ.ਈਸ਼ਵਰ ਚੰਦਰ ਵਿੱਦਿਆ ਸਾਗਰ

ਸ. ਨਾਰਾਇਣ ਗੁਰੂ

ਪ੍ਰਸ਼ਨ: 16. ਹੇਠ ਲਿਖਿਆਂ ਵਿੱਚੋਂ ਕਿਹੜਾ ਜਾਤੀ ਅੰਦੋਲਨ ਨਹੀਂ ਹੈ?

ਉੱਤਰ: ੳ.ਮਹਾਰ ਅੰਦੋਲਨ

ਅ.ਐਸ.ਐਨ. ਡੀ.ਪੀ ਅੰਦੋਲਨ

ੲ.ਸਤਿਆ ਸ਼ੋਧਕ ਅੰਦੋਲਨ

ਸ. ਨੀਲ ਅੰਦੋਲਨ

ਪ੍ਰਸ਼ਨ 17. ਤੰਬਾਕੂ ਦਾ ਸੇਵਨ ਕਿਸ ਪ੍ਰਕਾਰ ਦੀ ਬਿਮਾਰੀ ਨੂੰ ਸੱਦਾ ਦੇਣਾ ਹੈ?

ਉੱਤਰ: ੳ.ਕੈਂਸਰ ਨਾਲ ਮੌਤ

ਅ.ਏਡਜ਼

ੲ.ਡੇਂਗੂ

ਸ.ਸ਼ੂਗਰ

ਪ੍ਰਸ਼ਨ: 18. ਪੰਜਾਬ ਵਿੱਚ ਲਿੰਗ ਅਨੁਪਾਤ ਸਭ ਤੋਂ ਘੱਟ ਕਿਹੜੇ ਜਿਲ੍ਹੇ ਵਿੱਚ ਹੈ?

ਉੱਤਰ: ੳ.ਫਿਰੋਜ਼ਪੁਰ

ਅ. ਬਠਿੰਡਾ

ੲ. ਹੁਸ਼ਿਆਰਪੁਰ

ਸ.ਲੁਧਿਆਣਾ

ਪ੍ਰਸ਼ਨ: 19. ਕਿਹੜੇ ਸਮਾਜਿਕ ਮਾਡਲ ਨੇ ਅਸਮਰਥਾ ਨਾਲ ਸਬੰਧਿਤ ਵਿਅਕਤੀਆਂ ਦੇ ਸਮਾਨ ਅਵਸਰਾਂ ਦੇ ਅਧਿਕਾਰਾਂ ਨੂੰ ਸਵੀਕਾਰਿਆ ਜਾਂਦਾ ਹੈ?

ਉੱਤਰ: ੳ.ਸਮਾਜਿਕ ਮਾਡਲ

ਅ. ਸਾਕਾਰਾਤਮਕ ਮਾਡਲ

ੲ.ਅਸਮਰੱਥ ਵਿਅਕਤੀਆਂ ਦੁਆਰਾ ਕੀਤੀ ਗਈ ਰਾਜਨੀਤੀ

ਸ. ਸਾਰੰਚਨਤਮਿਕ ਮਾਡਲ

ਪ੍ਰਸ਼ਨ 20. ਪਰਿਵਾਰ ਵਿੱਚ ਨੌਜੁਆਨਾਂ ਦੁਆਰਾ ਬਿਰਧ ਵਿਅਕਤੀਆਂ ਨੂੰ ਸੱਤਾ ਦੇਣ ਤੇ ਸਮਾਜ ਵਿੱਚ ਕੀ ਸਥਿਤੀ ਪੈਦਾ ਹੋਵੇਗੀ?

ਉੱਤਰ: ੳ. ਪਿਆਰ

ਅ.ਤਣਾਅ



Downloaded from cclchapter.com

ੲ. ਬੋਝ

ਸ. ਸੰਘਰਸ਼

**ਭਾਗ - (ਅ)**

**ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ (ਕੋਈ 10 ਪ੍ਰਸ਼ਨ ਕਰੋ) :-** $10 \times 2 = 20$

ਪ੍ਰਸ਼ਨ -1 ਕਬਾਇਲੀ ਸਮਾਜ ਦੀਆਂ ਤਿੰਨ ਵਿਸ਼ੇਸ਼ਤਾਵਾਂ ਲਿਖੋ।

ਪ੍ਰਸ਼ਨ -2 ਸੰਥਾਲ ਕਬੀਲੇ ਤੋਂ ਕੀ ਭਾਵ ਹੈ?

ਪ੍ਰਸ਼ਨ -3 ਵਿਸਥਾਪਨ ਤੋਂ ਤੁਸੀਂ ਕੀ ਸਮਝਦੇ ਹੋ?

ਪ੍ਰਸ਼ਨ-4 ਪੇਂਡੂ ਕਰਜ਼ ਦੇ ਕੋਈ ਦੋ ਕਾਰਨ ਲਿਖੋ ।

ਪ੍ਰਸ਼ਨ-5 ਹਰੀ ਕ੍ਰਾਂਤੀ ਕੀ ਹੈ ?

ਪ੍ਰਸ਼ਨ-6 ਗ਼ੈਰ ਕਾਸ਼ਤਕਾਰੀ ਕਿੱਤਿਆਂ ਦੀ ਚਰਚਾ ਕਰੋ ।

ਪ੍ਰਸ਼ਨ-7 ਜਾਤੀ ਵਿਵਸਥਾ ਕੀ ਹੈ?

ਪ੍ਰਸ਼ਨ-8 ਵਰਗ ਤੋਂ ਤੁਸੀਂ ਕੀ ਸਮਝਦੇ ਹੋ ?

ਪ੍ਰਸ਼ਨ-9 ਲਿੰਗ ਅਸਮਾਨਤਾ ਤੋਂ ਤੁਸੀ ਕੀ ਸਮਝਦੇ ਹੋ?

ਪ੍ਰਸ਼ਨ-10 ਪੱਛਮੀਕਰਨ ਤੋਂ ਤੁਹਾਡਾ ਕੀ ਭਾਵ ਹੈ?

ਪ੍ਰਸ਼ਨ-11 ਘਰੇਲੂ ਹਿੰਸਾਂ ਤੋਂ ਕੀ ਭਾਵ ਹੈ?

ਪ੍ਰਸ਼ਨ-12 ਨਸ਼ੀਲੇ ਪਦਾਰਥਾਂ ਦੇ ਸੇਵਨ ਤੋਂ ਕੀ ਭਾਵ ਹੈ?

**ਭਾਗ - (ੲ)**

**ਸ੍ਰੋਤ / ਕੇਸ ਅਧਾਰਿਤ ਪ੍ਰਸ਼ਨ :-** $2 \times 6 = 12$

ਬਿਰਧ ਅਵਸਥਾ ਵਿੱਚ ਪੈਰ ਰੱਖਣ ਲੱਗਿਆਂ ਜ਼ਿਆਦਾਤਰ ਲੋਕ ਬਹੁਤ ਘੱਟ ਜਾਂ ਬਿਲਕੁਲ ਵੀ ਜਾਗਰੂਕ ਨਹੀਂ ਹੁੰਦੇ ਕਿ ਉਨ੍ਹਾਂ ਨਾਲ ਕੀ ਹੋਣ ਵਾਲਾ ਹੈ। ਹਰ ਇੱਕ ਵਿਅਕਤੀ ਦਾ ਬਿਰਧ ਅਵਸਥਾ ਲਈ ਇੱਕ ਵੱਖਰਾ ਸਮਾਂ ਹੁੰਦਾ ਹੈ। ਭਾਰਤ ਵਿੱਚ ਰਸਮੀ ਤੌਰ ਤੇ ਵੱਡੀ ਉਮਰ ਦੇ ਲੋਕਾਂ ਲਈ ਜਾਗਰੂਕ ਪ੍ਰੋਗਰਾਮਾਂ ਦੀ ਕਮੀ ਬਹੁਤ ਜ਼ਿਆਦਾ ਹੈ। ਮਨੁੱਖੀ ਸੰਸਾਧਨ ਵਿਭਾਗ ਵੱਲੋਂ, ਬਿਰਧ ਅਵਸਥਾ ਵਿੱਚ ਪੈਰ ਰੱਖਣ ਵਾਲੇ ਵਿਅਕਤੀਆਂ ਲਈ ਕਦਮ ਚੁੱਕੇ ਜਾਣ ਤਾਂ ਜੋ ਬਿਰਧ ਵਿਅਕਤੀਆਂ ਨੂੰ ਇਸ ਪੜਾਅ ਦੀਆਂ ਸਮੱਸਿਆਵਾਂ ਨਾਲ ਘੱਟ ਜੂਝਣਾ ਪਵੇਗਾ ।

1. ਬਿਰਧ ਅਵਸਥਾ ਵਿੱਚ ਵਿਅਕਤੀ ਨਾਲ ਕੀ ਵਾਪਰਦਾ ਹੈ ? 2
2. ਭਾਰਤ ਵਿੱਚ ਕਿੰਨੀ ਉਮਰ ਦੇ ਵਿਅਕਤੀ ਨੂੰ ਸੀਨੀਅਰ ਨਾਗਰਿਕ ਗਿਣਿਆ ਜਾਂਦਾ ਹੈ ? 2
3. ਬਿਰਧ ਅਵਸਥਾ ਦੇ ਕੀ ਸੰਕੇਤ ਹਨ ? 2



Downloaded from cclchapter.com

ਆਧੁਨਿਕੀਕਰਨ ਤੋਂ ਭਾਵ ਜਿਊਣ ਦੇ ਨਵੇਂ ਤਰੀਕੇ ,ਧਾਰਨਾਵਾਂ ਅਤੇ ਕਦਰਾਂ ਕੀਮਤਾਂ ਨੂੰ ਅਪਣਾਉਣ ਤੋਂ ਹੈ। ਇਸ ਧਾਰਨਾ ਦਾ ਉਪਯੋਗ ਪਹਿਲਾਂ ਸਿਰਫ ਆਰਥਿਕ ਖੇਤਰ ਵਿੱਚ ਆ ਰਹੇ ਪਰਿਵਰਤਨ ਅਤੇ ਇਸਦੇ ਸਮਾਜ ਦੀਆਂ ਕਦਰਾਂ ਕੀਮਤਾਂ ਉੱਪਰ ਪੈਂਦੇ ਪ੍ਰਭਾਵ ਤੋਂ ਸੀ ਪਰ ਅਜੋਕੇ ਸਮੇਂ ਵਿੱਚ ਆਧੁਨਿਕੀਕਰਨ ਦਾ ਖੇਤਰ ਬਹੁਤ ਵਿਆਪਕ ਹੋ ਗਿਆ ਹੈ। ਇਸ ਵਿੱਚ ਖੇਤੀ ਤੋਂ ਲੈ ਕੇ ਉਦਯੋਗਿਕ ਆਰਥਿਕਤਾ ਦੇ ਪੂਰਨ ਪਰਿਵਰਤਨ ਸ਼ਾਮਲ ਹੈ। ਇਸ ਦਾ ਪ੍ਰਭਾਵ ਉਹਨਾਂ ਜਾਤੀਆਂ ਤੇ ਵੀ ਵੇਖਣ ਨੂੰ ਮਿਲਦਾ ਹੈ ਜਿਨ੍ਹਾਂ ਨੇ ਅਜੋਕੇ ਸਮੇਂ ਵਿੱਚ ਆਪਣੇ ਆਪ ਨੂੰ ਰੂੜੀਵਾਦੀ ਪ੍ਰੰਪਰਾਵਾਂ ਵਿੱਚ ਬੰਨ ਕੇ ਰੱਖਿਆ ਹੈ। ਨਤੀਜੇ ਵਜੋਂ ਹੌਲੀ ਹੌਲੀ ਆਧੁਨਿਕੀਕਰਨ ਨੇ ਵਿਅਕਤੀਆਂ ਦੇ ਵਿਚਾਰਾਂ, ਪਸੰਦ, ਮਨੋਰੰਜਨ ਦੀਆਂ ਸਹੂਲਤਾਂ ਆਦਿ ਵਿੱਚ ਪਰਿਵਰਤਨ ਲਿਆਂਦਾ ਹੈ। ਦੂਸਰੇ ਸ਼ਬਦਾਂ ਵਿੱਚ ਤਕਨੀਕੀ ਅਤੇ ਵਿਗਿਆਨਕ ਖੋਜਾਂ ਨੇ ਸਮਾਜਿਕ ਰਿਸ਼ਤਿਆਂ ਦੀ ਪੂਰੀ ਵਿਵਸਥਾ ਨੇ ਪ੍ਰੰਪਰਾਗਤ ਵਿਚਾਰਧਾਰਾ ਦੀ ਥਾਂ ਲੈ ਲਈ ਹੈ। ਉਦਾਹਰਣ ਦੇ ਤੌਰ ਤੇ ਉਦਯੋਗਿਕ ਖੇਤਰ ਵਿੱਚ ਹੱਥੀ ਕੰਮ ਨੂੰ ਮਸ਼ੀਨੀ ਤਾਕਤ ਨੇ ਬਦਲ ਦਿੱਤਾ ਹੈ।

ਪ੍ਰਸ਼ਨ -1 ਆਧੁਨਿਕੀਕਰਨ ਤੋਂ ਕੀ ਭਾਵ ਹੈ ? 1

ਪ੍ਰਸ਼ਨ -2 ਆਧੁਨਿਕੀਕਰਨ ਦਾ ਪ੍ਰਭਾਵ ਕਿੰਨਾ ਉੱਤੇ ਪੈਂਦਾ ਹੈ ? 1

ਪ੍ਰਸ਼ਨ -3 ਆਧੁਨਿਕੀਕਰਨ ਕੀ ਪਰਿਵਰਤਨ ਲਿਆਂਦਾ ਹੈ? 1

ਪ੍ਰਸ਼ਨ -4 ਪਰੰਪਰਾਗਤ ਵਿਚਾਰਧਾਰਾ ਦੀ ਥਾਂ ਕਿਸ ਨੇ ਲਈ ਹੈ ? 1

ਪ੍ਰਸ਼ਨ -5 ਆਧੁਨਿਕੀਕਰਨ ਦਾ ਇੱਕ ਉਦਾਹਰਨ ਦਿਓ। 1

ਪ੍ਰਸ਼ਨ-6 ਆਧੁਨਿਕੀਕਰਨ ਦਾ ਉਪਯੋਗ ਸਿਰਫ ਆਰਥਿਕ ਖੇਤਰ ਵਿੱਚ ਹੁੰਦਾ ਹੈ। 1
(ਸਹੀ/ਗਲਤ)

## ਭਾਗ - (ਸ)

**ਛੋਟੇ ਉੱਤਰਾਂ ਵਾਲੇ ਪ੍ਰਸ਼ਨ (ਕੋਈ 4 ਪ੍ਰਸ਼ਨ ਕਰੋ) :-** $4 \times 4 = 16$

ਪ੍ਰਸ਼ਨ-1 ਸ਼ਹਿਰੀ ਸਮਾਜ ਤੋਂ ਕੀ ਭਾਵ ਹੈ? ਇਸਦੀਆਂ ਦੋ ਵਿਸ਼ੇਸ਼ਤਾਵਾਂ ਲਿਖੋ।

ਪ੍ਰਸ਼ਨ-2 ਕਬਾਇਲੀ ਸਮਾਜ ਵਿੱਚ ਹੋਏ ਚਾਰ ਸਮਾਜਿਕ ਪਰਿਵਰਨਾ ਬਾਰੇ ਲਿਖੋ?

ਪ੍ਰਸ਼ਨ-3 ਹਰੀ ਕ੍ਰਾਂਤੀ ਦੇ ਦੋ ਸਾਕਾਰਾਤਮਕ ਅਤੇ ਦੋ ਨਾਕਾਰਾਤਮਕ ਪੱਖ ਲਿਖੋ?

ਪ੍ਰਸ਼ਨ-4 ਸਰਾਬ ਖੋਰੀ ਦੇ ਚਾਰ ਹਾਨੀਕਾਰਕ ਪ੍ਰਭਾਵਾਂ ਦਾ ਵਰਨਣ ਕਰੋ?

ਪ੍ਰਸ਼ਨ-5 ਭਾਰਤ ਵਿੱਚ ਇਸਤਰੀਆਂ ਦੇ ਵਿਰੁਧ ਹਿੰਸਾ ਦੇ ਸੰਕੇਪ ਨੋਟ ਲਿਖੋ?

ਪ੍ਰਸ਼ਨ-6 ਅਜ਼ਾਦੀ ਤੋਂ ਪਹਿਲਾਂ ਅਤੇ ਅਜ਼ਾਦੀ ਤੋਂ ਬਾਅਦ ਭਾਰਤੀ ਇਸਤਰੀਆਂ ਦੀ ਸਥਿਤੀ ਵਿੱਚ ਆਏ ਅੰਤਰ ਨੂੰ ਸਪੱਸ਼ਟ ਕਰੋ।

## ਭਾਗ - (ਹ)

**ਵੱਡੇ ਉੱਤਰਾਂ ਵਾਲੇ ਪ੍ਰਸ਼ਨ :-** $2 \times 6 = 12$

ਪ੍ਰਸ਼ਨ-1. ਝੁੱਗੀ ਝੌਂਪੜੀ ਬਸਤੀ ਕਿਸ ਨੂੰ ਕਹਿੰਦੇ ਹਨ? ਘਰਾਂ ਦੀ ਸਮੱਸਿਆ ਦੇ ਤਿੰਨ ਪ੍ਰਮੁੱਖ ਕਾਰਨ ਕਿਹੜੇ ਹਨ?



Downloaded from cclchapter.com

ਜਾਂ

ਜਾਤੀ ਤੋਂ ਤੁਸੀਂ ਕੀ ਸਮੱਝਦੇ ਹੋ? ਜਾਤੀ ਅਤੇ ਵਰਨ ਵਿੱਚ ਕੀ ਅੰਤਰ ਹੈ?

ਪ੍ਰਸ਼ਨ-2. ਵਿਸ਼ਵੀਕਰਨ ਉੱਤੇ ਵਿਸਤ੍ਰਿਤ ਟਿੱਪਣੀ ਕਰੋ?

ਜਾਂ

ਵਿਲੱਖਣ ਸਮਰੱਥਾ ਵਾਲ਼ੇ ਵਿਅਕਤੀਆਂ ਨੂੰ ਕਿਸ ਪ੍ਰਕਾਰ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ?



Downloaded from cclchapter.com